नामांक Roll No.

| | | | | | | |
|---|---|---|---|---|---|---|
| | | | | | | |

| Question Booklet No. |
|---|
| |

No. of Questions – 20

No. of Printed Pages – 7

**S-75-Punjabi (T.L.)**

# माध्यमिक परीक्षा, 2026

# SECONDARY EXAMINATION, 2026

# पंजाबी

## PUNJABI
## (THIRD LANGUAGE)

**Time : 3 Hours 15 Minutes**

**Maximum Marks : 80**

### ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ ।

2) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਿਤ ਹਨ। ਪ੍ਰਸ਼ਨ ਨੰਬਰ 14 ਤੋਂ 20 ਤੱਕ ਆਂਤਰਿਕ ਵਿਕੱਲਪ ਹਨ ।

3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ। ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

## ਖੰਡ -ੳ

1. **ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ :-** **[18×1=18]**

I) ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਝਾ ਦੁਧੁ ”

ਉਪਰੋਕਤ ਸਤਰ ਵਿੱਚ ਆਏ ਸ਼ਬਦ ‘ਨਿਵਾਤ’ ਦਾ ਸਹੀ ਅਰਥ ਹੈ: **[1]**

ੳ) ਸ਼ਹਿਦ  ਅ) ਮਿਸਰੀ  ੲ) ਦੁੱਧ  ਸ) ਗੱਚਕ

II) ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।

ਉਕਤ ਕਾਵਿ ਸਤਰ ਦਾ ਰਚੇਤਾ ਹੈ : **[1]**

ੳ) ਗੁਰੂ ਰਾਮਦਾਸ ਜੀ  ਅ) ਗੁਰੂ ਅਮਰਦਾਸ ਜੀ

ੲ) ਗੁਰੂ ਨਾਨਕ ਦੇਵ ਜੀ  ਸ) ਭਾਈ ਗੁਰਦਾਸ ਜੀ

III) ਗੁਰੂ ਅਮਰਦਾਸ ਜੀ ਦੀ ਰਚਨਾ ਹੈ:- **[1]**

ੳ) ਆਰਤੀ  ਅ) ਲਾਵਾਂ

ੲ) ਉਤਪਤ ਸਭ ਸੰਸਾਰ  ਸ) ਏ ਸਰੀਰਾ ਮੇਰਿਆ

IV) ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਹੈ :- **[1]**

ੳ) ਰੁੱਖ  ਅ) ਫੁਲਕਾਰੀ  ੲ) ਤਮਗ਼ੇ  ਸ) ਗੁਰੂ ਨਾਨਕ

V) ਮੱਥੇ ਤੇਰੇ ਮਖੇਰਨਾ ਪਾ ਕੇ,

ਨਾਲ ਛਾਂਜਰਾ ਪੈਰ ਸਜਾ ਕੇ **[1]**

ਲੱਕ ਆਪਣੇ ਚਾਦਰ ਖੜਕਾ ਕੇ,

ਫੇਰ ਚਲਾਂਗੇ ਆਪਾਂ ਮੇਲੇ।

ਉਪਰੋਕਤ ਕਾਵਿ ਸਤਰਾਂ ਕਿਹੜੀ ਕਵਿਤਾ ਦੀਆਂ ਹਨ:-

ੳ) ਨਵੀਂ ਬਹਾਰ  ਅ) ਹਾਲੀ ਦਾ ਗੀਤ  ੲ) ਵਿਸਾਖੀ ਦਾ ਮੇਲਾ  ਸ) ਮੇਰੀ ਜਿੰਦੇ

VI) ‘ਭਾਈ ਮਰਦਾਨਾ ਜੀ’ ਨਿਬੰਧ ਦਾ ਨਿਬੰਧਕਾਰ ਹੈ:- **[1]**

ੳ) ਪ੍ਰਿ. ਤੇਜਾ ਸਿੰਘ  ਅ) ਹਰਪਾਲ ਸਿੰਘ ਲੱਖੀਆਂ

ੲ) ਹਰਪ੍ਰੀਤ ਕੌਰ  ਸ) ਬਲਜਿੰਦਰ ਸਿੰਘ ਭੁੱਲਰ

VII) ਗੰਗ ਨਹਿਰ ਦਾ ਨੀਂਹ ਪੱਥਰ ਕਦੋਂ ਰੱਖਿਆ ਗਿਆ :- **[1]**

ੳ) 5 ਦਸੰਬਰ 1927  ਅ) 4 ਸਤੰਬਰ 1920

ੲ) 5 ਦਸੰਬਰ 1925  ਸ) 20 ਜਨਵਰੀ 1931

VIII) ਜੂਨਾਗੜ੍ਹ ਦਾ ਕਿਲ੍ਹਾ ਸਥਿਤ ਹੈ:- **[1]**

ੳ) ਜੈਪੁਰ  ਅ) ਬੀਕਾਨੇਰ  ੲ) ਕੋਟਾ  ਸ) ਉਦੈਪੁਰ

IX) 'ਔਹ ਗਏ-ਔਹ ਗਏ – ਸਾਰੇ ਡੱਬੇ 'ਚੋਂ ਰੂਹ ਨਿਕਲ ਗਈ, ਡੱਬਾ ਭਾਂ-ਭਾਂ ਕਰਨ ਲੱਗ ਪਿਆ।'ਇਹ ਸਤਰਾਂ ਕਿਸ ਕਹਾਣੀ ਦੀਆਂ ਹਨ:- [1]

ੳ) ਪਹੁਤਾ ਪਾਂਧੀ ਅ) ਪੇਮੀ ਦੇ ਨਿਆਣੇ ੲ) ਫ਼ਲਾਇੰਗ ਸਿੱਖ ਸ) ਖ਼ੂਨ

X) "ਸਭ ਦੂਰ ਹੋ ਜੂ ; ਚੁਗਾਠ ਬਚ ਰਹੇ, ਬਾਣ ਬਥੇਰਾ "ਇਹ ਸ਼ਬਦ ਕਿਸ ਨੇ ਕਹੇ :- [1]

ੳ) ਦਰਬਾਰਾ ਸਿੰਘ ਨੇ ਅ) ਧੰਮਾ ਸਿੰਘ ਸਰਪੰਚ ਨੇ

ੲ) ਕਪੂਰ ਸਿੰਘ ਨੇ ਸ) ਚਾਚੀ ਰਾਮ ਕੌਰ ਨੇ

XI) 'ਸੰਤ ਸਿੰਘ ਸੇਖੋਂ ਦੀ ਕਹਾਣੀ ਹੈ:- [1]

ੳ) ਖ਼ੂਨ ਅ) ਦੁੱਧ ਦਾ ਛੱਪੜ

ੲ) ਪਹੁਤਾ ਪਾਂਧੀ ਸ) ਪੇਮੀ ਦੇ ਨਿਆਣੇ

XII) 'ਖ਼ੂਨ' ਕਹਾਣੀ ਦੇ ਪਾਤਰ 'ਜੱਗਰ' ਦੀ ਪਤਨੀ ਦਾ ਨਾਂ ਹੈ:- [1]

ੳ) ਬਲਵੰਤੋ ਅ) ਕੁਲਵੰਤੋ ੲ) ਧੰਨੋ ਸ) ਕਰਤਾਰੋ

XIII) "ਉੱਤੇ ਬਗਲੇ ਨਹਾਉਂਦੇ ਰਹੇ ਅਤੇ ਹੇਠਾਂ ਲਾਲ ਨਹਾਉਂਦਾ ਰਿਹਾ"
ਉਕਤ ਸਤਰ ਕਿਸ ਕਹਾਣੀ ਦੀ ਹੈ:- [1]

ੳ) ਸਾਂਝੀ ਕੰਧ ਅ) ਪਹੁਤਾ ਪਾਂਧੀ ੲ) ਪੇਮੀ ਦੇ ਨਿਆਣੇ ਸ) ਦੁੱਧ ਦਾ ਛੱਪੜ

XIV) ਸਤਲੁਜ ਅਤੇ ਬਿਆਸ ਦਰਿਆ ਦੇ ਵਿਚਕਾਰ ਪੰਜਾਬੀ ਦੀ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ:- [1]

ੳ) ਦੁਆਬੀ ਅ) ਪੁਆਧੀ ੲ) ਪੋਠੋਹਾਰੀ ਸ) ਡੋਗਰੀ

XV) ਪੰਜਾਬੀ ਭਾਸ਼ਾ ਵਿੱਚ ਕਿੰਨੇ ਦੁੱਤ ਅੱਖਰ ਹਨ:- [1]

ੳ) 4 ਅ) 7 ੲ) 3 ਸ) 5

XVI) 'ਅਦਬ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ:- [1]

ੳ) ਅਧਿਕ ਅ) ਅਜੀਬ ੲ) ਅਨੋਖਾ ਸ) ਆਦਰ

XVII) 'ਢੀਠ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ :- [1]

ੳ) ਦੁਰਜਨ ਅ) ਅਣਖੀਲਾ ੲ) ਭੋਲਾ ਸ) ਮਕਰਾ

XVIII) ਮੈਂ ਆਪਣੀ ਪੂਰੀ ਵਾਹ ਲਾਈ, ਪਰ ਕੰਮ ਨਹੀਂ ਬਣਿਆ।
ਉਪਰੋਕਤ ਵਾਕ ਵਿੱਚ ਆਏ ਬਹੁਅਰਥਕ ਸ਼ਬਦ 'ਵਾਹ' ਦਾ ਸਹੀ ਅਰਥ ਹੈ :- [1]

ੳ) ਵਡਿਆਈ ਅ) ਯਤਨ ੲ) ਵਾਹੁਣਾ ਸ) ਤਰੀਕਾ

2. **ਹੇਠ ਲਿਖੀਆਂ ਖਾਲੀ ਥਾਵਾਂ ਭਰੋ :-** **[6×1=6]**

I) ਡਾਲੀ ਨਾਲੋਂ ਤੋੜ ਨ ਸਾਨੂੰ ________________ । **[1]**

II) ਪੰਜਾਹਵਿਆਂ ਦੇ ਅੰਤ ਵਿੱਚ ਕੁੱਲ ਦੁਨੀਆਂ 'ਚ ____________ ਹੋ ਗਈ ਸੀ। **[1]**

III) ਰਾਸ਼ੇ ਨੂੰ ਜਦ ਪਤਾ ਲੱਗੂ ਕਿ ਅਸੀਂ_____ਹਾਂ ਤਾਂ ਉਹ ਅਸਾਂ ਨੂੰ ਕੁੱਝ ਨਹੀਂ ਆਖੇਗਾ। **[1]**

IV) 'ਇਕਰਾਰ' ਦਾ ਵਿਰੋਧੀ ਸ਼ਬਦ ________________________ ਹੈ। **[1]**

V) ਮੈਂ ਗੁਰਚਰਨ ਸਿੰਘ ਦੀ ਗੱਲ ਕਦੇ ਨਹੀਂ ਉਲਟੀ।

ਉਪਰੋਕਤ ਵਾਕ ਵਿੱਚ ਆਏ ਬਹੁਅਰਥਕ ਸ਼ਬਦ 'ਉਲਟੀ'ਦਾ ਅਰਥ ______ ਹੈ। **[1]**

VI) ਦਬਾਅ ਜਾਂ ਬਲ ਦਾ ਚਿੰਨ੍ਹ ____________ ਹੈ। **[1]**

3. **ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **[12×1=12]**

I) ਲਾਵਾਂ (ਰਾਗ ਸੂਹੀ) ਅਨੁਸਾਰ ਵਡਭਾਗੀ ਮਨੁੱਖ ਕੌਣ ਹੈ ? **[1]**

II) 'ਮੂਰਖ ਨੇ ਅਸਵਾਰੀ' ਸਲੋਕ ਰਾਹੀਂ ਕੀ ਸਿੱਖਿਆ ਮਿਲਦੀ ਹੈ ? **[1]**

III) 'ਗੁਰੂ ਨਾਨਕ ਨੂੰ' ਕਵਿਤਾ ਵਿੱਚ ਕਵੀ ਕਿਹੜੇ ਦੋ ਦੇਸ਼ ਬਣਨ ਦਾ ਜ਼ਿਕਰ ਕਰਦਾ ਹੈ ? **[1]**

IV) 'ਰੁੱਖ' ਕਵਿਤਾ ਵਿੱਚ ਕਵੀ ਨੇ ਕਿਹੜੇ-ਕਿਹੜੇ ਰਿਸ਼ਤਿਆਂ ਦੀ ਗੱਲ ਕੀਤੀ ਹੈ ? ਉਹਨਾਂ ਦੇ ਨਾਮ ਲਿਖੋ। **[1]**

V) 'ਨਾ ਤਿਸੁ ਭਾਰੇ ਪਰਬਤਾਂ' ਸ਼ਬਦ ਵਿੱਚ ਭਾਈ ਗੁਰਦਾਸ ਕਿਸ ਮਨੁੱਖ ਦੀ ਗੱਲ ਕਰਦੇ ਹਨ ? **[1]**

VI) ਗੰਗਾਦੀਨ ਕੌਣ ਸੀ ਅਤੇ ਕੀ ਕੰਮ ਕਰਦਾ ਸੀ ? **[1]**

VII) ਮੇਜਰ ਸਾਹਿਬ 'ਪੇ-ਮਾਰਿਆਂ ਦਾ ਡੱਬਾ' ਕਿਉਂ ਕਹਿੰਦਾ ਹੈ ? **[1]**

VIII) 'ਸਾਂਝੀ ਕੰਧ' ਦਾ ਝਗੜਾ ਕਿੰਨਾ ਵਿਚਕਾਰ ਸੀ ਤੇ ਕਿਉਂ ? **[1]**

IX) ਜੱਗਰ ਦਾ ਕਤਲ ਕਿਸਨੇ ਕੀਤਾ ਤੇ ਕਿਉਂ ? **[1]**

X) ਭਾਸ਼ਾ ਕੀ ਹੁੰਦੀ ਹੈ ? **[1]**

XI) ਸਦਾਚਾਰ ਦਾ ਵਿਰੋਧੀ ਸ਼ਬਦ ਲਿਖੋ। **[1]**

XII) 'ਅਕਲ'ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ। **[1]**

## ਖੰਡ - ਅ

**(4-8) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:** **[5×2=10]**

ਮਨੁੱਖ ਇੱਕ ਸਮਾਜਿਕ ਜੀਵ ਹੈ। ਉਹ ਇਕੱਲਾ ਨਹੀਂ ਰਹਿ ਸਕਦਾ। ਉਸਦਾ ਜੀਵਨ ਦੂਜਿਆਂ ਉੱਪਰ ਨਿਰਭਰ ਕਰਦਾ ਹੈ। ਇਸ ਕਰਕੇ ਉਹ ਜ਼ਿੰਦਗੀ ਵਿੱਚ ਕੁੱਝ ਸੱਜਣਾਂ-ਮਿੱਤਰਾਂ ਦੀ ਲੋੜ ਅਨੁਭਵ ਕਰਦਾ ਹੈ। ਜਿੰਨ੍ਹਾਂ ਨਾਲ ਉਹ ਆਪਣੇ ਦੁੱਖ-ਸੁੱਖ ਵੰਡ ਸਕੇ। ਜਦੋਂ ਅਸੀਂ ਮਿੱਤਰ ਨਾਲ ਖੁਸ਼ੀ ਵੰਡਦੇ ਹਾਂ ਤਾਂ ਉਹ ਦੁੱਗਣੀ ਹੋ ਜਾਂਦੀ ਹੈ। ਜਦੋਂ ਦੁੱਖ ਵੰਡਦੇ ਹਾਂ ਤਾਂ ਉਹ ਅੱਧਾ ਰਹਿ ਜਾਂਦਾ ਹੈ। ਬੇਕਨ ਦਾ ਕਥਨ ਹੈ ਕਿ ਜਿਹੜਾ ਆਦਮੀ ਇਹ ਕਹਿੰਦਾ ਹੈ ਕਿ ਉਹ ਇਕੱਲਾ ਰਹਿ ਕੇ ਹੀ ਖੁਸ਼ੀ ਅਨੁਭਵ ਕਰ ਸਕਦਾ ਹੈ, ਉਹ ਜਾਂ ਤਾਂ ਜੰਗਲੀ ਹੈ ਜਾਂ ਦੇਵਤਾ। ਅਸਲ ਵਿੱਚ ਸੱਚੇ ਮਿੱਤਰ ਦੀ ਅਣਹੋਂਦ ਵਿੱਚ ਆਦਮੀ ਭਰੇ ਮੇਲੇ ਵਿੱਚ ਵੀ ਇਕੱਲਾ ਮਹਿਸੂਸ ਕਰਦਾ ਹੈ। ਇਸ ਵਿੱਚ ਵੀ ਕੋਈ ਸੰਦੇਹ ਨਹੀਂ ਕਿ ਸੱਚੇ ਤੇ ਵਫ਼ਾਦਾਰ ਮਿੱਤਰ ਬਹੁਤ ਘੱਟ ਹੁੰਦੇ ਹਨ। ਮਿੱਤਰਤਾ ਦਾ ਆਧਾਰ ਸਵਾਰਥ ਨਹੀਂ ਹੁੰਦਾ, ਸਗੋਂ ਦੁੱਖ-ਸੁੱਖ, ਵਿਚਾਰਾਂ ਤੇ ਭਾਵਾਂ ਦੀ ਸਾਂਝ ਹੁੰਦੀ ਹੈ। ਸੱਚਾ ਮਿੱਤਰ ਸਦੀਵੀ ਪ੍ਰਸੰਨਤਾ ਤੇ ਪ੍ਰੇਰਨਾ ਦਾ ਸੋਮਾ ਹੁੰਦਾ ਹੈ।

4. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ। **[2]**
5. ਬੇਕਨ ਅਨੁਸਾਰ ਜਿਹੜਾ ਮਨੁੱਖ ਇਕੱਲਾ ਰਹਿ ਕੇ ਵੀ ਖੁਸ਼ੀ ਮਹਿਸੂਸ ਕਰਦਾ ਹੈ। ਉਹ ਕੌਣ ਹੋ ਸਕਦਾ ਹੈ ? **[2]**
6. ਮਿੱਤਰਤਾ ਦਾ ਆਧਾਰ ਕੀ ਹੁੰਦਾ ਹੈ ? **[2]**
7. ਸੱਚਾ ਮਿੱਤਰ ਕੀ ਹੁੰਦਾ ਹੈ ? **[2]**
8. ਔਖੇ ਸ਼ਬਦਾਂ ਦੇ ਅਰਥ ਲਿਖੋ : **[2]**
   ਜੀਵ, ਅਨੁਭਵ, ਲੋੜ, ਪ੍ਰਸੰਨਤਾ

**(9-13) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **[5×2=10]**

9. ਕਵਿੱਤਰੀ ਵਾਰਸ਼ ਸ਼ਾਹ ਨੂੰ ਕਿਉਂ ਯਾਦ ਕਰਦੀ ਹੈ ਅਤੇ ਉਸਨੂੰ ਕੀ ਕਰਨ ਲਈ ਕਹਿੰਦੀ ਹੈ ? **[2]**
10. ਲਾਲ ਅਤੇ ਦਿਆਲ ਕਿਹੜੀ ਗੱਲ ਕਾਰਨ ਅੱਡਰੇ ਹੋਏ ? **[2]**
11. ਭਾਈ ਮਰਦਾਨਾ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ? ਉਹਨਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ? **[2]**

12. ਮਲਵਈ ਉਪਭਾਸ਼ਾ ਬੋਲਣ ਵਾਲੇ ਚਾਰ ਜਿਲ੍ਹਿਆਂ ਦੇ ਨਾਂ ਲਿਖੋ। **[2]**

13. ਹੇਠ ਲਿਖੇ ਬਹੁਅਰਥਕ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਦੋ-ਦੋ ਵੱਖਰੇ ਅਰਥ ਸਪਸ਼ੱਟ ਹੋ ਜਾਣ :- **[2]**

    ਜੱਗ, ਡੰਡੀ

## ਖੰਡ - ੲ

**(14-17) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **[4×3=12]**

14. 'ਬੁੱਲ੍ਹਾ ਕੀ ਜਾਣਾ ਮੈਂ ਕੌਣ'ਕਾਫ਼ੀ ਕੀ ਸੁਨੇਹਾ ਦਿੰਦੀ ਹੈ ?

    ਜਾਂ

    'ਸਿੰਮਲ ਰੁਖ ਸਰਾਇਰਾ'ਸ਼ਬਦ ਦਾ ਕੇਂਦਰੀ ਭਾਵ ਲਿਖੋ। **[3]**

15. ਭਾਰਤ ਤੇ ਜਪਾਨ ਦੇਸ਼ ਦੇ ਲੋਕਾਂ ਵਿੱਚ ਕੀ ਵੱਖਰਤਾ ਹੈ ? 'ਕਿਰਤ' ਨਿਬੰਧ ਦੇ ਆਧਾਰ 'ਤੇ ਬਿਆਨ ਕਰੋ।

    ਜਾਂ

    ਮਹਾਰਾਜਾ ਗੰਗਾ ਸਿੰਘ ਰਾਜਗੱਦੀ ਉੱਪਰ ਕਦੋਂ ਬੈਠਾ ? ਉਸਦੇ ਰਾਜ ਵਿੱਚ ਆਵਾਜਾਈ ਦੇ ਸਾਧਨਾਂ ਦੀ ਕੀ ਸਥਿਤੀ ਸੀ ? **[3]**

16. ਰਾਜਸਥਾਨ ਦਾ ਸਭ ਤੋਂ ਮਹੱਤਵਰਪੂਰਨ ਕਿਲ੍ਹਾ ਕਿਹੜਾ ਹੈ ਅਤੇ ਇਸਦੀ ਕੀ ਵਿਸ਼ੇਸ਼ਤਾ ਹੈ ?

    ਜਾਂ

    ਗੰਗਾਦੀਨ ਦੇ ਸੁਭਾਅ ਉੱਪਰ ਟਿੱਪਣੀ ਕਰੋ। **[3]**

17. ਕਰਤਾਰੇ ਦੇ ਚਰਿੱਤਰ ਉੱਪਰ ਲੋਟ ਲਿਖੋ।

    ਜਾਂ

    'ਸਾਂਝੀ ਕੰਧ' ਕਹਾਣੀ ਦਾ ਸਾਰ ਲਿਖੋ। **[3]**

## ਖੰਡ - ੲ

**(18-20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **[3×4=12]**

18. ਸੁੱਖ-ਨੀਂਦੇ ਜੇ ਸੁੱਤਾ ਚਾਹੇਂ, ਵੱਸ ਨਾ ਪਾਈਂ ਅਮੀਰਾਂ ਦੇ।
    ਬੰਦੀਜਨ ਦੇ ਹਲੂਏ ਨਾਲੋਂ, ਟੁਕੜੇ ਭਲੇ ਫ਼ਕੀਰਾਂ ਦੇ।
    ਵਿੱਚ ਗੁਲਾਮੀ ਹੋਈ ਖ਼ੁਨਾਮੀ, ਸੁੱਕਣ ਲਹੂ ਸਰੀਰਾਂ ਦੇ।
    ਸੀਨੇ ਹੱਥ, ਧੌਣ ਨਿਹੁੜਾਈ, ਖੜੇ ਵਾਂਗ ਤਸਵੀਰਾਂ ਦੇ।

    I) ਉਪਰੋਕਤ ਕਾਵਿ ਸਤਰਾਂ ਦਾ ਪ੍ਰਸੰਗ ਲਿਖੋ। **[1]**

    II) ਉਪਰੋਕਤ ਕਾਵਿ ਬੰਦ ਦੀ ਸਰਲ ਵਿਆਖਿਆ ਕਰੋ। **[1]**

III) ਇਸ ਕਵਿਤਾ ਵਿੱਚ ਕਵੀ ਕੀ ਕਹਿਣਾ ਚਾਹੁੰਦਾ ਹੈ ? [1]

IV) ਔਖੇ ਸ਼ਬਦਾਂ ਦੇ ਅਰਥ ਲਿਖੋ : [1]
ਬੰਦੀਜਨ, ਖ਼ੁਨਾਮੀ, ਨਿਹੁੜਾਈ, ਲਹੂ

ਜਾਂ

ਜੋ ਬਦੇਸਾਂ 'ਚ ਰੁਲਦੇ ਨੇ ਰੋਜ਼ੀ ਲਈ ,
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ।
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ ,
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

I) ਉਪਰੋਕਤ ਕਾਵਿ ਸਤਰਾਂ ਦਾ ਪ੍ਰਸੰਗ ਲਿਖੋ। [1]

II) ਉਪਰੋਕਤ ਕਾਵਿ ਬੰਦ ਦੀ ਸਰਲ ਵਿਆਖਿਆ ਕਰੋ । [1]

III) ਕਵੀ ਅਨੁਸਾਰ ਵਿਦੇਸ਼ ਗਏ ਮਨੁੱਖ ਨੂੰ ਵਾਪਸ ਪਰਤਣ 'ਤੇ ਕਿਹੜੇ ਦੁੱਖ ਦਾ ਸਾਹਮਣਾ ਕਰਨਾ ਪੈਂਦਾ ਹੈ ? [1]

IV) ਔਖੇ ਸ਼ਬਦਾਂ ਦੇ ਅਰਥ ਲਿਖੋ : [1]
ਬਦੇਸ਼, ਰੋਜ਼ੀ, ਅਗਨ, ਰੁੱਖ

**19.** ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਆਪਣੀ ਵੱਡੀ ਭੈਣ ਦੇ ਵਿਆਹ ਉੱਤੇ ਇੱਕ ਹਫ਼ਤੇ ਦੀਆਂ ਛੁੱਟੀਆਂ ਲੈਣ ਲਈ ਬੇਨਤੀ-ਪੱਤਰ ਲਿਖੋ । **[4]**

ਜਾਂ

ਤੁਸੀਂ ਹੋਸਟਲ ਵਿੱਚ ਰਹਿ ਕੇ ਪੜ੍ਹਦੇ ਹੋ। ਆਪਣੀ ਛੋਟੀ ਭੈਣ ਨੂੰ ਪੜ੍ਹਾਈ ਤੇ ਖੇਡਾਂ ਵਿੱਚ ਦਿਲਚਸਪੀ ਲੈਣ ਲਈ ਪੱਤਰ ਲਿਖੋ।

**20.** ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ : **[4]**

ਹਿੰਦ ਦੀ ਚਾਦਰ – ਗੁਰੂ ਤੇਗ ਬਹਾਦਰ

ਜਾਂ

ਵਿਸਾਖੀ ਦਾ ਮੇਲਾ

ਜਾਂ

ਟੁੱਟਦੇ ਸਮਾਜਕ ਰਿਸ਼ਤੇ

ਜਾਂ

ਸਮੇਂ ਦੀ ਕਦਰ

DO NOT WRITE ANYTHING HERE